ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ,ਐਸ.ਏ.ਐਸ ਨਗਰ।

(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ:)/ਸਪੋਰਟਸ ਕੁਆਰਡੀਨੇਟਰ

ਪੰਜਾਬ।

ਈ ਫਾਈਲ ਨੰ: 467484/2023959/2

ਮਿਤੀ:ਐਸ.ਏ.ਐਸ.ਨਗਰ- 31-03-2023

ਵਿਸ਼ਾ:- 66ਵੀਆਂ ਅੰਤਰ ਜਿਲਾ ਸਕੂਲ ਖੇਡਾਂ 2022-23 ਦੇ ਜੇਤੂ ਦਸਵੀਂ/ਬਾਰਵੀਂ ਜਮਾਤ ਦੇ ਖਿਡਾਰੀ/ਵਿਦਿਆਰਥੀਆਂ ਨੂੰ ਵਾਧੂ ਖੇਡ ਅੰਕ ਦੇਣ ਬਾਰੇ।

***

ਉਪਰੋਕਤ ਵਿਸ਼ੇ ਦੇ ਸਬੰਧੀ ਦੱਸਿਆ ਜਾਂਦਾ ਹੈ ਕਿ ਪਿਛਲੇ ਸਾਲ ਦੀ ਤਰਾਂ ਅੰਤਰ ਜਿਲਾ ਸਕੂਲ ਖੇਡਾਂ 2022-23 ਦੇ ਜੇਤੂ ਖਿਡਾਰੀਆਂ ਨੂੰ ਬੋਰਡ ਦੇ ਇਮਤਿਹਾਨਾਂ ਵਿੱਚ ਵਾਧੂ ਖੇਡ ਅੰਕ ਦਿੱਤੇ ਜਾਣੇ ਹਨ। ਪੰਜਾਬ ਸਕੂਲ ਸਕੂਲ ਸਿੱਖਿਆ ਬੋਰਡ ਵਲੋਂ ਸਟੇਟ ਖੇਡਾਂ ਦੇ ਜੇਤੂ ਖਿਡਾਰੀਆਂ ਦੀ ਆਨਲਾਈਨ ਐਂਟਰੀ ਕਰਨ ਲਈ Sports Marks Entry ਪੋਰਟਲ ਬਣਾਇਆ ਗਿਆ ਹੈ,ਜਿਸ ਵਿੱਚ ਕਿ 66ਵੀਆਂ ਅੰਤਰ ਜਿਲਾ ਸਕੂਲ ਖੇਡਾਂ 2022-23 ਦੇ ਜੇਤੂ ਖਿਡਾਰੀਆਂ ਦੀ ਸੂਚਨਾਂ ਆਪ ਵਲੋਂ ਹੀ ਭਰੀ ਜਾਵੇਗੀ। ਖੇਡ ਪਾਲਿਸੀ 2021 ਅਨੁਸਾਰ ਅੰਤਰ ਜਿਲਾ ਸਕੂਲ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਹੇਠ ਲਿਖੇ ਅਨੁਸਾਰ ਵਾਧੂ ਖੇਡ ਅੰਕ ਦਿੱਤੇ ਜਾਣਗੇ।

| ਲੜੀ ਨੰ: | ਖੇਡਾਂ ਦਾ ਪੱਧਰ | ਪੁਜੀਸ਼ਨ | ਅੰਕ |
|---|---|---|---|
| 1 | ਸਟੇਟ | ਪਹਿਲੀ | 15 |
| 2 | | ਦੂਜੀ | 12 |
| 3 | | ਤੀਜੀ | 09 |

ਉਕਤ ਸਬੰਧੀ ਜੇਕਰ ਕੋਈ ਸਟੇਟ ਖੇਡਾਂ ਦਾ ਜੇਤੂ ਖਿਡਾਰੀ ਵਾਧੂ ਖੇਡ ਅੰਕ ਲੈਣ ਤੋਂ ਵਾਂਝਾ ਰਹਿੰਦਾ ਹੈ ਤਾਂ ਇਸ ਦੀ ਨਿਰੋਲ ਜਿੰਮਵਾਰੀ ਸਬੰਧਤ ਜ਼ਿਲਾ ਸਿੱਖਿਆ ਅਫਸਰ(ਸੈ:ਸਿ:)ਅਤੇ ਸਪੋਰਟਸ ਕੁਆਰਡੀਨੇਟਰ ਦੀ ਹੋਵੇਗੀ। ਵਧੇਰੇ ਜਾਣਕਾਰੀ ਲਈ ਪੰਜਾਬ ਸਕੂਲ ਸਕੂਲ ਸਿੱਖਿਆ ਬੋਰਡ ਦੇ ਟੈਲੀਫੋਨ ਨੰ:8427950212 ਤੇ ਸੰਪਰਕ ਕੀਤਾ ਜਾ ਸਕਦਾ ਹੈ।

LINK – http://registration2022.pseb.ac.in/DeoPortal ਤੇ ਖਿਡਾਰੀਆਂ ਦੀ ਐਂਟਰੀ ਮਿਤੀ 03-04-2023 ਤੋਂ ਕੀਤੀ ਜਾਵੇ।

ਡਿਪਟੀ ਡਾਇਰੈਕਟਰ(ਫਿਜੀ:ਐਜੂ:)

Scanned by CamScanner

Scanned with OKEN Scanner

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ

ਵੱਲ,

ਸਮੂਹ ਸਕੂਲ ਮੁੱਖੀ

ਸਸਸਸ/ਸਹਸ/ਏਡਿਡ/ਪ੍ਰਾਈਵੇਟ(ਪੀ.ਐਸ.ਈ.ਬੀ )

ਜ਼ਿਲ੍ਹਾ ਬਠਿੰਡਾ।

ਪੱਤਰ ਨੰ -DSC/202396786

ਮਿਤੀ 03-04-2023

ਵਿਸ਼ਾ - 66ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 2022-23 ਦੇ ਜੇਤੂ ਦਸਵੀਂ/ਬਾਰਵੀਂ ਜਮਾਤ ਦੇ ਖਿਡਾਰੀ/ਵਿਦਿਆਰਥੀਆਂ ਨੂੰ ਵਾਧੂ ਖੇਡ ਅੰਕ ਦੇਣ ਬਾਰੇ।

ਹਵਾਲਾ - ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ ) (ਸਪੋਰਟਸ ਸ਼ਾਖਾ ) ਪੰਜਾਬ,ਐਸ.ਏ.ਐਸ ਨਗਰ ਜੀ ਦੇ ਈ ਡਾਇਰੀ ਨੰ -467484( 202395912 ਮਿਤੀ 31-03-23 ਦੇ ਸਬੰਧ ਵਿੱਚ।

ਉਪਰੋਕਤ ਵਿਸ਼ਾ ਤੇ ਹਵਾਲਾ ਅਧੀਨ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪਿਛਲੇ ਸਾਲ ਦੀ ਤਰ੍ਹਾਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 2022-23 ਦੇ ਜੇਤੂ ਖਿਡਾਰੀਆਂ ਨੂੰ ਬੋਰਡ ਦੇ ਇਮਤਿਹਾਨਾਂ ਵਿੱਚ ਵਾਧੂ ਖੇਡ ਅੰਕ ਦਿੱਤੇ ਜਾਣੇ ਹਨ। ਇਸ ਲਈ ਜੇਕਰ ਆਪ ਜੀ ਦੇ ਸਕੂਲ ਦੇ ਵਿਦਿਆਰਥੀਆਂ ਨੇ ਸਟੇਟ ਪੱਧਰ ਤੇ ਪਹਿਲਾ,ਦੂਜਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ ਤਾਂ ਉਸ ਦੀ ਸੂਚਨਾ ਹੇਠ ਲਿਖੇ ਪ੍ਰੋਫਾਰਮੇ ਵਿੱਚ ਭਰ ਕੇ 06-04-2023 ਤੱਕ ਇਸ ਦਫ਼ਤਰ ਵਿਖੇ ਹਾਰਡ ਕਾਪੀ ਦਸਤੀ ਭੇਜਣੀ ਯਕੀਨੀ ਬਣਾਈ ਜਾਵੇ ਅਤੇ ਈ.ਮੇਲ dscbathinda2023@gmail.com ਤੇ ਸੌਫਟ ਸੈਲ ਤੇ ਵੀ ਭੇਜੀ ਜਾਵੇ। ਇਹ ਸੂਚਨਾ ਮਿਤੀ ਬੱਧ ਹੈ ਅਤੇ ਅਤਿ ਜਰੂਰੀ ਹੈ। ਨਿਸਚਿਤ ਮਿਤੀ ਤੋਂ ਬਾਅਦ ਸੂਚਨਾ ਸਵੀਕਾਰੀ ਨਹੀ ਜਾਵੇਗੀ।

ਪ੍ਰੋਫਾਰਮਾ

| ਲੜੀ ਨੰ | ਬੋਰਡ ਦਾ ਰੋਲ ਨੰ | ਖਿਡਾਰੀ ਦਾ ਨਾਮ | ਪਿਤਾ ਦਾ ਨਾਮ | ਸਕੂਲ ਦਾ ਨਾਮ | ਖੇਡ ਦਾ ਨਾਮ | ਵਾਧੂ ਗ੍ਰੇਡ | ਪੁਜੀਸ਼ਨ |
|---|---|---|---|---|---|---|---|

ਇਸ ਸਬੰਧੀ ਜੇਕਰ ਕੋਈ ਸਟੇਟ ਖੇਡਾਂ ਦਾ ਜੇਤੂ ਖਿਡਾਰੀ ਵਾਧੂ ਖੇਡ ਅੰਕਾਂ ਦਾ ਲਾਭ ਲੈਣ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਨਿੱਜੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ )

ਬਠਿੰਡਾ।

DSC Bathinda
03/04/2023

Scanned by CamScanner

Scanned with OKEN Scanner

66ਵੀਆਂ ਅੰਤਰ ਜਿਲ੍ਹਾ ਸਕੂਲ ਖੇਡਾਂ 2022-23

ਸਕੂਲ ਦਾ ਨਾਮ:- ...................................................... ਬਲਾਕ ਦਾ ਨਾਮ:- ..............................................

ਸਕੂਲ ਮੁਖੀ ਦਾ ਨਾਮ: ............................................... ਸਕੂਲ ਮੁਖੀ ਦਾ ਮੋਬਾਈਲ ਨੰ: .................................

| ਲੜੀ ਨੰ: | ਜਮਾਤ | ਬੋਰਡ ਦਾ ਰੋਲ ਨੰਬਰ | E-Punjab ID | ਖਿਡਾਰੀ ਦਾ ਨਾਮ | ਪਿਤਾ ਦਾ ਨਾਮ | ਜਨਮ ਮਿਤੀ | ਖੇਡ ਦਾ ਨਾਮ | ਈਵੈਂਟ/ਭਾਰ | ਅੰ-14/17/19 ਲੜਕੇ/ਲੜਕੀਆਂ | ਪੁਜੀਸ਼ਨ | ਖੇਡ ਸਥਾਨ/ਜਿਲ੍ਹੇ ਦਾ ਨਾਮ | ਖੇਡਾਂ ਦੀ ਮਿਤੀ |
|---|---|---|---|---|---|---|---|---|---|---|---|---|
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |
| | | | | | | | | | | | | |

ਸਰੀਰਿਕ ਸਿੱਖਿਆ ਅਧਿਆਪਕ/
ਇੰਚਾਰਜ ਦਾ ਨਾਮ:- ____________________

ਮੋਬਾਈਲ ਨੰ:- ____________________

ਹਸਤਾਖਰ ਸਕੂਲ ਮੁਖੀ
(ਸਮੇਤ ਮੋਹਰ)

Scanned by CamScanner
Scanned with OKEN Scanner